ਨਿਊਜ਼ ਰਿਲੀਜ਼

# ਬੱਜਟ 2025: ਚੁਣੌਤੀਆਂ ਦਾ ਸਮਾਧਾਨ

ਬੱਜਟ 2025 ਅੱਜ ਦੀਆਂ ਤਰਜੀਹਾਂ ਨੂੰ ਫੰਡ ਕਰਨ ਵਾਸਤੇ ਜ਼ਿੰਮੇਵਰਾਨਾਂ ਫੈਸਲਿਆਂ ਨਾਲ ਐਲਬਰਟਾ ਨੂੰ ਦਰਪੇਸ਼ ਚੁਣੌਤੀਆਂ ਦਾ ਸਮਾਧਾਨ ਕਰ ਰਿਹਾ ਹੈ।

ਜੀਵਨ ਨਿਰਬਾਹ ਦੇ ਉੱਚ ਖਰਚਿਆਂ 'ਚ ਮਦਦ ਕਰਨ ਲਈ ਬੱਜਟ 2025 ਟੈਕਸ ਕਟੌਤੀ ਦੇ ਕੀਤੇ ਗਏ ਵਾਅਦੇ ਨੂੰ ਪੂਰਾ ਕਰ ਰਿਹਾ ਹੈ ਜਿਸ ਨਾਲ ਐਲਬਰਟਾ ਵਾਸੀਆਂ ਨੂੰ ਇਸ ਸਾਲ ਤੋਂ ਸ਼ੁਰੂ ਕਰਦਿਆਂ ਸੈਂਕੜੇ ਡਾਲਰਾਂ ਦੀ ਬੱਚਤ ਹੋਵੇਗੀ। 60,000 ਡਾਲਰ ਤੱਕ ਦੀ ਆਮਦਨੀ ਵਾਲਿਆਂ ਲਈ ਨਵੀਂ ਅੱਠ ਪ੍ਰਤੀਸ਼ਤ ਨਿੱਜੀ ਆਮਦਨ ਟੈਕਸ ਬਰੈਕਟ ਨਿਰਧਾਰਤ ਸਮੇਂ ਤੋਂ ਦੋ ਸਾਲ ਪਹਿਲਾਂ ਸ਼ੁਰੂ ਹੋ ਰਹੀ ਹੈ ਅਤੇ ਇਸ ਨਾਲ 2025 ਵਿੱਚ ਐਲਬਰਟਾ ਦੇ ਪਰਿਵਾਰਾਂ ਨੂੰ 1,500 ਡਾਲਰ ਤੱਕ ਦੀ ਬੱਚਤ ਹੋਵੇਗੀ।

ਆਬਾਦੀ, ਜਿਹੜੀ ਪਿਛਲੇ ਕੁਝ ਸਾਲਾਂ ਵਿੱਚ ਤੇਜ਼ੀ ਨਾਲ ਵਧੀ ਹੈ, ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਬੱਜਟ 2025 ਸਿਹਤ-ਸੰਭਾਲ ਅਤੇ ਸਿੱਖਿਆ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਪੂੰਜੀ-ਨਿਵੇਸ਼ ਵੀ ਕਰ ਰਿਹਾ ਹੈ, ਜਦੋਂ ਕਿ ਇਹ ਐਲਬਰਟਾ ਸਰਕਾਰ ਦੀ ਸਕੂਲ ਅਤੇ ਕਲਾਸਰੂਮ ਸਥਾਨਾਂ ਨੂੰ ਤੇਜ਼ੀ ਨਾਲ ਬਣਾਉਣ ਦੀ ਵਚਨਬੱਧਤਾ ਨੂੰ ਅੱਗੇ ਵਧਾਉਂਦਾ ਹੈ। ਬੱਜਟ ਕਮਜ਼ੋਰ ਐਲਬਰਟਾ ਵਾਸੀਆਂ ਦੀ ਸਹਾਇਤਾ ਕਰਨਾਂ ਅਤੇ ਕਮਿਊਨਿਟੀਆਂ ਤੇ ਸੂਬਾਈ ਸਰਹੱਦਾਂ ਨੂੰ ਸੁਰੱਖਿਅਤ ਰੱਖਣਾ ਜਾਰੀ ਰੱਖਦਾ ਹੈ, ਜਦ ਕਿ ਨਾਲ ਦੀ ਨਾਲ ਇਹ ਤੇਲ ਅਤੇ ਗੈਸ ਉਦਯੋਗ ਤੋਂ ਬਾਹਰਵਾਰ ਆਰਥਿਕਤਾ, ਕਮਿਊਨਿਟੀਆਂ ਅਤੇ ਸੈਕਟਰਾਂ ਨੂੰ ਸਮਰਥਨ ਦਿੰਦਾ ਹੈ।

"ਬੱਜਟ 2025 ਸਖਤ ਪਰ ਨਾਪੀਆਂ ਤੋਲੀਆਂ ਚੋਣਾਂ ਦਾ ਬੱਜਟ ਹੈ ਜੋ ਐਲਬਰਟਾ ਵਾਸੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਅਤੇ ਸਾਡੇ ਐਲਬਰਟਾ ਐਡਵਾਂਟੇਜ ਨੂੰ ਬਣਾਈ ਰੱਖਦੀਆਂ ਹਨ। ਇਹ ਟੈਕਸਾਂ ਵਿੱਚ ਕਟੌਤੀ ਕਰਦਾ, ਜਨਤਕ ਸੇਵਾਵਾਂ ਦਾ ਦ੍ਰਿੜਤਾ ਨਾਲ ਸਮਰਥਨ ਕਰਦਾ ਅਤੇ ਸਾਡੇ ਆਰਥਿਕ ਆਧਾਰ ਨੂੰ ਮਜ਼ਬੂਤ ਕਰਦਾ ਹੈ ਤਾਂ ਕਿ ਇਹ ਭਵਿੱਖ ਦੀਆਂ ਵਿਪਰੀਤ ਪ੍ਰਸਥਿਤੀਆਂ ਦਾ ਸਾਹਮਣਾ ਕਰ ਸਕੇ।"

*Nate Horner, ਪ੍ਰੈਜ਼ੀਡੈਂਟ ਆਫ ਟ੍ਰਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

ਬੱਜਟ 2025 ਆਪਣੇ ਆਰਥਿਕ ਦ੍ਰਿਸ਼ਟੀਕੋਣ ਵਿੱਚ ਇੱਕ ਸਾਵਧਾਨੀ ਵਾਲੀ ਪਹੁੰਚ ਅਪਣਾਉਂਦਾ ਹੈ, ਜੋ ਕੈਨੇਡਾ-ਯੂ ਐੱਸ ਵਪਾਰ ਟਕਰਾਅ ਅਤੇ ਐਲਬਰਟਾ ਦੀ ਆਰਥਿਕਤਾ 'ਤੇ ਇਸਦੇ ਸੰਭਾਵੀ ਜ਼ਿਕਰਯੋਗ ਪ੍ਰਭਾਵਾਂ ਨੂੰ ਦਰਸਾਉਂਦੀ ਹੈ। ਇਹ ਦ੍ਰਿਸ਼ਟੀਕੋਣ ਵਪਾਰਕ ਟਕਰਾਅ ਨੂੰ ਇਕ ਮੱਧਮ ਪ੍ਰਕਾਰ ਦਾ ਮੰਨਦਾ ਹੈ, ਜਿੱਥੇ ਕੈਨੇਡਾ ਨੂੰ ਸਾਰੀਆਂ ਵਸਤਾਂ 'ਤੇ ਔਸਤਨ 15 ਪ੍ਰਤੀਸ਼ਤ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ, ਜਦ ਕਿ ਐਨਰਜੀ ਪ੍ਰਾਡਕਟ 10 ਪ੍ਰਤੀਸ਼ਤ ਟੈਰਿਫ ਦਾ ਸਾਹਮਣਾ ਕਰਨਗੇ। ਐਲਬਰਟਾ ਹੱਲ ਲੱਭਣ ਲਈ ਫੈਡਰਲ, ਸੂਬਾਈ ਅਤੇ ਟੈਰੀਟਰੀਆਂ ਦੇ ਭਾਈਵਾਲਾਂ ਨਾਲ ਮਿਲਕੇ ਕੰਮ ਕਰਨਾ ਜਾਰੀ ਰੱਖੇਗਾ। ਇੱਥੋਂ ਤੱਕ ਕਿ ਟੈਰਿਫਾਂ ਦੇ ਮੱਦੇਨਜ਼ਰ ਵੀ, ਸੂਬਾ ਆਪਣੇ ਆਰਥਿਕ ਇੰਜਣ ਨੂੰ ਚੱਲਦਿਆਂ ਰੱਖਣ ਲਈ ਤੇਲ ਉਤਪਾਦਨ ਅਤੇ ਪੂੰਜੀ-ਨਿਵੇਸ਼ ਵਿੱਚ ਮੱਧਮ ਪਰ ਲਗਾਤਾਰ ਵਾਧੇ ਦੀ ਉਮੀਦ ਕਰਦਾ ਹੈ। ਅਮਰੀਕਾ ਦੀਆਂ ਗੰਭੀਰ ਊਰਜਾ ਲੋੜਾਂ ਨੂੰ ਪੂਰੀਆਂ ਕਰਨ ਲਈ ਐਲਬਰਟਾ ਦਾ ਕੱਚੇ ਤੇਲ ਦਾ ਜ਼ਿੰਮੇਵਰਾਨਾਂ ਨਿਰਯਾਤ ਜਾਰੀ ਰਹਿਣ ਦੀ ਆਸ ਹੈ ਅਤੇ ਟਰਾਂਸ ਮਾਊਂਟੇਨ ਪਾਈਪਲਾਈਨ ਦਾ ਵਿਸਥਾਰ ਉਤਪਾਦਕਾਂ ਨੂੰ ਵਧੇਰੇ ਨਿਰਯਾਤ ਮੁਹੱਈਆ ਕਰੇਗਾ।

Classification: Public

ਮੌਜੂਦਾ ਵੱਡੇ ਪ੍ਰਾਜੈਕਟਾਂ 'ਚ ਪੂੰਜੀ-ਨਿਵੇਸ਼ ਜਾਰੀ ਰਹੇਗਾ ਜਿਹੜੇ ਉਦਯੋਗਿਕ ਬਿਲਡਿੰਗ ਉਸਾਰੀ 'ਚ ਗਤੀਵਿਧੀ ਨੂੰ ਚਲਾ ਰਹੇ ਹਨ, ਸਮੇਤ ਡਾਉ'ਜ਼ ਪਾਥ2ਜ਼ੀਰੋ ਪ੍ਰਾਜੈਕਟ, ਏਅਰ ਪ੍ਰੋਡਕਟਸ ਦੀ ਨਵੀਂ ਹਾਈਡ੍ਰੋਜਨ ਫੈਸਿਲਿਟੀ ਅਤੇ ਇੰਪਰੀਅਲ ਆਇਲ ਦੀ ਸਟ੍ਰੈਥਕੋਨਾ ਰਿਫਾਇਨਰੀ ਦਾ ਮੁੜ-ਨਵਿਆਉਣ ਯੋਗ ਡੀਜ਼ਲ ਵਿਸਤਾਰ ਪ੍ਰਾਜੈਕਟ।

ਐਲਬਰਟਾ ਦੀ ਹਾਊਸਿੰਗ ਮਾਰਕੀਟ ਆਰਥਿਕ ਵਿਕਾਸ ਵਿੱਚ ਇੱਕ ਮਜ਼ਬੂਤ ਹਿੱਸੇ ਵਜੋਂ ਉਭਰਨ ਦੀ ਉਮੀਦ ਹੈ, ਕਿਉਂਕਿ ਘਰ-ਨਿਰਮਾਤਾ ਵਧ ਰਹੀ ਆਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੰਮ ਕਰਦੇ ਹਨ। ਆਉਣ ਵਾਲੇ ਕੁਝ ਸਾਲਾਂ ਦੌਰਾਨ ਆਬਾਦੀ 'ਚ ਧੀਮਾ ਵਾਧਾ ਲੇਬਰ ਮਾਰਕੀਟ ਨੂੰ ਹੌਲੀ ਹੌਲੀ ਮੁੜ ਸੁਤੰਲਿਤ ਹੋਣ ਵਿਚ ਮਦਦ ਕਰੇਗਾ।

ਜਦੋਂ ਕਿ ਸੂਬਾ ਵੱਡੀ ਆਰਥਿਕ ਅਨਿਸ਼ਚਿਤਤਾ ਅਤੇ ਆਮਦਨ ਵਿੱਚ ਉਤਾਰ-ਚੜ੍ਹਾਅ ਦਾ ਸਾਹਮਣਾ ਕਰ ਰਿਹਾ ਹੈ, ਸਰਕਾਰ ਆਪਰੇਟਿੰਗ ਖਰਚਿਆਂ ਦੇ ਵਾਧੇ ਨੂੰ ਆਬਾਦੀ ਦੇ ਵਾਧੇ ਤੋਂ ਇਲਾਵਾ ਮਹਿੰਗਾਈ ਦੇ ਹੇਠਾਂ ਰੱਖਣ ਲਈ ਖਰਚਿਆਂ ਬਾਰੇ ਸਿਆਣੀ ਪ੍ਰਕਾਰ ਦੇ ਫੈਸਲੇ ਕਰਨ ਲਈ ਪ੍ਰਤੀਬਧ ਹੈ ਅਤੇ ਐਲਬਰਟਾ ਵਾਸੀਆਂ ਅਤੇ ਬਿਜਨਸਾਂ ਨੂੰ ਸਥਿਰ ਪ੍ਰਕਾਰ ਦੇ ਪ੍ਰੋਗਰਾਮ ਅਤੇ ਸੇਵਾਵਾਂ ਦੇਣ ਲਈ ਵਚਨਬੱਧ ਹੈ।

## ਬਜਟ 2025 ਨਿਵੇਸ਼ ਕਰਦਾ ਹੈ:

- ਦਾਖਲਿਆਂ ਦੇ ਵਾਧੇ ਤੇ ਦਬਾਅ, ਵਧੇਰੇ ਅਧਿਆਪਕ ਅਤੇ ਹੋਰ ਵਿਦਿਅਕ ਸਟਾਫ ਭਰਤੀ ਕਰਨ ਅਤੇ ਕੰਪਲੈਕਸ ਕਲਾਸਰੂਮਾਂ ਅਤੇ ਵਿਦਿਆਰਥੀਆਂ ਦੀ ਸਹਾਇਤਾ 'ਚ ਸਹਿਯੋਗ ਦੇਣ ਲਈ ਸਿੱਖਿਆ ਦੇ ਆਪਰੇਟਿੰਗ ਖਰਚਿਆਂ 'ਚ 9.9 ਬਿਲੀਅਨ ਡਾਲਰ ਦਿੰਦਾ ਹੈ ਜੋ 2024-25 ਨਾਲੋਂ 4.5 ਪ੍ਰਤੀਸ਼ਤ ਦਾ ਵਾਧਾ ਹੈ।
- ਅਗਲੇ ਤਿੰਨ ਸਾਲਾਂ ਲਈ 2.6 ਬਿਲੀਅਨ ਡਾਲਰ ਕੇ-12 ਸਿੱਖਿਆ ਸੰਬੰਧੀ ਬੁਨਿਆਦੀ ਢਾਂਚੇ ਲਈ ਨਿਰਧਾਰਤ, ਜੋ ਬਜਟ 2024 ਤੋਂ 505 ਮਿਲੀਅਨ ਡਾਲਰ (23.9%) ਵੱਧ ਹੈ। ਇਹ ਫੰਡ ਅਗਲੇ ਸੱਤ ਸਾਲਾਂ ਵਿੱਚ 200,000 ਤੋਂ ਵੱਧ ਨਵੇਂ ਅਤੇ ਅਧੁਨਿਕ ਵਿਦਿਆਰਥੀ ਸਥਾਨ ਬਣਾਉਣ ਵਿੱਚ ਸਹਾਇਕ ਹੋਵੇਗਾ, ਜਿਸ ਵਿੱਚ (ਅਗਲੇ ਚਾਰ ਸਾਲਾਂ ਵਿੱਚ ਲਗਭਗ 90,000 ਸ਼ਾਮਲ ਹਨ।)
- ਰੀਫੋਕਸਡ ਹੈਲਥਕੇਅਰ ਸਿਸਟਮ ਦਰਮਿਆਨ 28 ਬਿਲੀਅਨ ਡਾਲਰ ਦਾ ਆਪਰੇਟਿੰਗ ਖਰਚਾ ਜੋ 1.4 ਬਿਲੀਅਨ ਜਾਂ 5.4 ਪ੍ਰਤੀਸ਼ਤ ਦਾ ਵਾਧਾ ਹੈ, ਇਹ 'ਚ ਸ਼ਾਮਲ ਹੈ:
  - ਘਰ ਦੇ ਨੇੜੇ ਕੁਆਲਿਟੀ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਸੁਧਾਰਨ, ਮਰੀਜ਼ਾਂ ਦੀਆਂ ਤਰਜੀਹਾਂ ਬਣਾਉਣ, ਹਸਪਤਾਲਾਂ ਅਤੇ ਪੇਂਡੂ ਫੈਸਿਲਿਟੀਆਂ ਦੀ ਸਮਰੱਥਾਂ ਵਧਾਉਣ, ਸਰਜਰੀਆਂ ਵਿਸਥਾਰ ਲਿਆਉਣ ਅਤੇ ਹੈਲਥ ਪ੍ਰੋਫੈਸ਼ਨਲਾਂ ਨੂੰ ਮੁਆਵਜ਼ਾ ਦੇਣ ਅਤੇ ਰੱਖੀ ਰੱਖਣ ਲਈ ਹੈਲਥ ਕੇਅਰ ਵਾਸਤੇ 22.1 ਬਿਲੀਅਨ ਡਾਲਰ।
  - ਕੰਪਸ਼ੈਨੇਟ ਇੰਟਰਵੈਂਸ਼ਨ ਫਰੇਮਵਰਕ ਅਤੇ ਰਿਕਵਰੀ ਐਲਬਰਟਾ ਸਰਵਿਸਿਜ਼ ਨੂੰ ਲਾਗੂ ਕਰਨ ਲਈ ਇਕ 1.7 ਬਿਲੀਅਨ ਡਾਲਰ।
  - ਸਾਰੇ ਐਲਬਰਟਾ ਨਿਵਾਸੀਆਂ ਲਈ, ਸਹਾਇਤਾਗਤ ਰਿਹਾਇਸ਼, ਹੋਮ ਕੇਅਰ ਅਤੇ ਕਮਿਊਨਿਟੀ ਕੇਅਰ, ਰਿਹਾਇਸ਼ ਅਤੇ ਸੋਸ਼ਲ ਸੁਪੋਰਟ ਸਮੇਤ ਸਮੁੱਚੀਆਂ ਸਮਾਜਿਕ ਸੇਵਾਵਾਂ ਤੋਂ ਲੈ ਕੇ ਸੰਪੂਰਨ ਪ੍ਰਕਾਰ ਦੀ ਸਿਹਤ-ਸੰਭਾਲ 'ਤੇ ਕੇਂਦਰਿਤ ਕਰਨ ਲਈ 3.8 ਬਿਲੀਅਨ ਡਾਲਰ।

- ਪਬਲਿਕ ਸੁਰੱਖਿਆ ਐਮਰਜੈਂਸੀ ਸੇਵਾਵਾਂ ਲਈ ਆਪਰੇਟਿੰਗ ਖਰਚਿਆਂ ਵਾਸਤੇ 1.3 ਬਿਲੀਅਨ ਡਾਲਰ, 2024-25 ਨਾਲੋਂ 3.7 ਪ੍ਰਤੀਸ਼ਤ ਵੱਧ, ਜੋ ਐਲਬਰਟਾ ਸ਼ੈਰਿਫਸ, ਕਰੈਕਸ਼ਨਲ ਸਰਵਿਸਿਜ਼ ਅਤੇ ਐਮਰਜੈਂਸੀ ਮੈਨੇਜਮੈਂਟ 'ਚ ਸਹਾਇਤਾ ਵਾਸਤੇ ਤਾਂ ਕਿ ਐਲਬਰਟਾ ਦੀਆਂ ਕਮਿਊਨਿਟੀਆਂ ਸੁਰੱਖਿਅਤ ਅਤੇ ਦੱਖਣੀ

ਬਾਰਡਰ ਮਹਿਫੂਜ਼ ਰਹੇ।

- ਬੱਚਿਆਂ ਅਤੇ ਪਰਿਵਾਰਕ ਸੇਵਾਵਾਂ ਲਈ 1.6 ਬਿਲੀਅਨ ਡਾਲਰ ਜਾਂ ਪਿਛਲੇ ਸਾਲ ਨਾਲੋਂ ਛੇ ਪ੍ਰਤੀਸ਼ਤ ਦਾ ਵਾਧਾ, ਉਨ੍ਹਾਂ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ ਜਿਨ੍ਹਾਂ 'ਤੇ ਕਮਜ਼ੋਰ ਬੱਚੇ ਅਤੇ ਪਰਿਵਾਰ ਨਿਰਭਰ ਕਰਦੇ ਹਨ।
- ਮੁੱਖ ਸਮਾਜਿਕ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ 6.2 ਬਿਲੀਅਨ ਡਾਲਰ ਜਾਂ 2024-25 ਤੋਂ 8.8 ਪ੍ਰਤੀਸ਼ਤ ਦਾ ਵਾਧਾ, ਜਿਸ ਵਿੱਚ ਸੰਭਾਵਿਤ ਅਮਰੀਕੀ ਟੈਰਿਫ ਅਤੇ ਰਿਹਾਇਸ਼ੀ ਪ੍ਰੋਗਰਾਮਾਂ ਲਈ ਵੱਧ ਰਹੀਆਂ ਗ੍ਰਾਂਟਾਂ ਤੋਂ ਪ੍ਰਭਾਵਿਤ ਵਧੇਰੇ ਲੋਕਾਂ ਦੀ ਸਹਾਇਤਾ ਲਈ ਥੋੜ੍ਹੀ ਮਿਆਦ ਦਾ ਉਭਾਰ ਸ਼ਾਮਲ ਹੈ।
- **ਸਮੁੱਚੇ ਤੌਰ 'ਤੇ ਬੱਜਟ 2025 ਦੀ ਕੈਪੀਟਲ ਯੋਜਨਾ ਵਿੱਚ ਤਿੰਨ ਸਾਲਾਂ ਵਿੱਚ 26.1 ਡਾਲਰ ਬਿਲੀਅਨ ਸ਼ਾਮਲ ਹਨ, ਜੋ ਕਿ ਸੂਬੇ ਵਿੱਚ ਵਿਕਾਸ ਦੀ ਚੁਣੌਤੀ ਦਾ ਸਾਹਮਣਾ ਕਰਨ ਅਤੇ ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਪੁਲਾਂ ਨੂੰ ਬਣਾਉਣ ਅਤੇ ਵਧਾਉਣ ਲਈ ਬੱਜਟ 2024 ਨਾਲੋਂ 4.4 ਪ੍ਰਤੀਸ਼ਤ ਦਾ ਵਾਧਾ ਜਾਂ $1.1 ਬਿਲੀਅਨ ਵੱਧ ਹੈ। ਇਸ ਯੋਜਨਾ ਦਾ 2027-28 ਤੱਕ ਸਾਲਾਨਾ ਔਸਤਨ 26,500 ਸਿੱਧੀਆਂ ਅਤੇ 12,000 ਅਸਿੱਧੀਆਂ ਨੌਕਰੀਆਂ ਨੂੰ ਸਹਾਇਤਾ ਦੇਣ ਦਾ ਅਨੁਮਾਨ ਹੈ।**

ਸੂਬਾ ਸਰਕਾਰ 2050 ਤਕ ਹੈਰੀਟੇਜ ਫੰਡ ਨੂੰ 250 ਬਿਲੀਅਨ ਡਾਲਰ ਤੱਕ ਵਧਾਉਣ ਦੇ ਆਪਣੇ ਯਤਨਾਂ ਨੂੰ ਜਾਰੀ ਰੱਖ ਰਹੀ ਹੈ। 2024-25 ਦੇ ਤੀਜੀ ਵਿੱਤੀ ਤਿਮਾਹੀ ਵਿੱਚ ਇਹ ਫੰਡ 25 ਬਿਲੀਅਨ ਡਾਲਰ ਮੁੱਲ ਦਾ ਸੀ ਅਤੇ ਇਸ ਵਿੱਤੀ ਸਾਲ ਦੇ ਅੰਤ ਤੱਕ ਇਸਦੇ ਲਗਭਗ 27 ਬਿਲੀਅਨ ਡਾਲਰ ਤੱਕ ਵਧਣ ਦੀ ਉਮੀਦ ਹੈ। ਇੱਕ ਮਜ਼ਬੂਤ ਹੈਰੀਟੇਜ ਫੰਡ ਜੋ ਹਰ ਸਾਲ ਮੁਨਾਫ਼ਾ ਕਮਾਉਂਦਾ ਹੈ, ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਲਚਕੀਲਾ ਅਤੇ ਖੁਸ਼ਹਾਲ ਐਲਬਰਟਾ ਸੁਰੱਖਿਅਤ ਕਰੇਗਾ ਅਤੇ ਕੁਦਰਤੀ ਸਰੋਤਾਂ ਦੇ ਰੈਵੇਨਿਊ 'ਤੇ ਸੂਬੇ ਦੀ ਨਿਰਭਰਤਾ ਨੂੰ ਘਟਾਏਗਾ। ਆਜ਼ਾਦ ਡਾਇਰੈਕਟਰਾਂ ਦਾ ਇਕ ਬੋਰਡ ਅਤੇ ਇੱਕ ਨਵਾਂ ਹੈਰੀਟੇਜ ਫੰਡ ਅਪਰਚਿਊਨਿਟੀਜ਼ ਕਾਰਪੋਰੇਸ਼ਨ ਗਲੋਬਲ ਸਾਵਰੇਨ ਵੈਲਥ ਫੰਡਾਂ ਨਾਲ ਨਵੇਂ ਮੌਕਿਆਂ ਅਤੇ ਭਾਈਵਾਲੀ ਤੱਕ ਪਹੁੰਚ ਨੂੰ ਖੋਲ੍ਹੇਗਾ।

## ਰੈਵੇਨਿਊ

- 2025-26 ਵਿੱਚ ਕੁੱਲ ਆਮਦਨ 74.1 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ, ਜੋ 2024-25 ਦੇ 80.7 ਬਿਲੀਅਨ ਡਾਲਰ ਦੇ ਅਨੁਮਾਨ ਨਾਲੋਂ 6.6 ਬਿਲੀਅਨ ਡਾਲਰ ਘੱਟ ਹੈ। ਕੁੱਲ ਆਮਦਨ 2026-27 ਤੱਕ ਵਧ ਕੇ 77.4 ਬਿਲੀਅਨ ਡਾਲਰ ਅਤੇ 2027-28 ਤੱਕ 80 ਬਿਲੀਅਨ ਡਾਲਰ ਹੋਣ ਦੀ ਉਮੀਦ ਹੈ, ਜਿਸ ਵਿੱਚ ਮੁੱਖ ਤੌਰ 'ਤੇ ਇੰਨਕਮ ਟੈਕਸਾਂ ਵੱਲੋਂ ਆਮਦਨ ਦੇ ਵਾਧੇ ਵੱਡੀ ਦੀ ਭੂਮਿਕਾ ਰਹੇਗੀ।

    - 2025-26 ਵਿੱਚ ਕੁੱਲ ਆਮਦਨ ਵਿੱਚ ਗਿਰਾਵਟ ਮੁੱਖ ਤੌਰ 'ਤੇ ਗੈਰ-ਨਵੀਨੀਕਰਨਯੋਗ ਸਰੋਤਾਂ ਦੀ ਆਮਦਨ ਵਿੱਚ $4.4 ਬਿਲੀਅਨ ਦੀ ਕਮੀ ਕਾਰਨ ਹੋਈ, ਜਿਸ ਨੂੰ ਤੇਲ ਦੀਆਂ ਕੀਮਤਾਂ ਵਿੱਚ ਅਨੁਮਾਨਿਤ ਗਿਰਾਵਟ ਨੇ ਪ੍ਰਭਾਵਿਤ ਕੀਤਾ। ਰੈਨੇਨਿਊ ਸਰੋਤ ਆਮਦਨ 2024-25 ਦੇ 21.5 ਬਿਲੀਅਨ ਡਾਲਰ ਦੇ ਅਨੁਮਾਨ ਦੇ ਮੁਕਾਬਲੇ 2025-26 ਵਿੱਚ 17.1 ਬਿਲੀਅਨ ਡਾਲਰ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ।
    - ਨਿੱਜੀ ਇੰਨਕਮ ਟੈਕਸ ਤੋਂ ਆਮਦਨ 2025-26 ਵਿੱਚ 15.5 ਬਿਲੀਅਨ ਡਾਲਰ ਤੱਕ ਘਟਣ ਦੀ ਉਮੀਦ ਹੈ, ਜੋ ਤੀਜੀ ਤਿਮਾਹੀ ਦੇ 16.1 ਬਿਲੀਅਨ ਡਾਲਰ ਦੇ ਅਨੁਮਾਨ ਨਾਲੋਂ ਘੱਟ ਹੈ।ਇਹ ਗਿਰਾਵਟ ਨਵੀਂ 8 ਪ੍ਰਤਿਸ਼ਤ ਇੰਨਕਮ ਟੈਕਸ ਬਰੈਕਟ ਅਤੇ ਸੰਭਾਵਿਤ ਟੈਰਿਫਾਂ ਨਾਲ ਜੁੜੇ ਨਕਾਰਾਤਮਕ ਪ੍ਰਭਾਵਾਂ ਕਾਰਨ ਹੋ ਰਹੀ ਹੈ।ਨਿੱਜੀ ਇੰਨਕਮ ਟੈਕਸ ਦੀ ਆਮਦਨ ਅਗਲੇ ਦੋ ਸਾਲਾਂ ਵਿੱਚ ਹੌਲੀ-ਹੌਲੀ ਵਾਹਵਾ ਵਧਣ ਦੀ ਉਮੀਦ ਹੈ, ਕਿਉਂਕਿ ਵਧੇਰੇ ਲੋਕ ਐਲਬਰਟਾ ਵੱਲ ਆ ਰਹੇ ਹਨ।

- 2025-26 ਵਿੱਚ ਕਾਰਪੋਰੇਟ ਇੰਨਕਮ ਟੈਕਸ ਦੀ ਆਮਦਨ 6.8 ਬਿਲੀਅਨ ਡਾਲਰ ਹੋਣ ਦੀ ਉਮੀਦ ਹੈ, ਜੋ 2024-25 ਦੇ ਤੀਜੀ ਤਿਮਾਹੀ ਦੇ ਅਨੁਮਾਨ ਨਾਲੋਂ 586 ਮਿਲੀਅਨ ਡਾਲਰ ਘੱਟ ਹੈ ਪਰੰਤੂ ਅਗਲੇ ਦੋ ਸਾਲਾਂ ਵਿੱਚ ਇਹ ਵਧਦੀ ਹੈ।
-

## ਖਰਚੇ

- 2025-26 ਵਿੱਚ ਕੁੱਲ ਖਰਚ 79.3 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ, ਜੋ 2024-25 ਦੀ ਤੀਜੀ ਤਿਮਾਹੀ ਦੇ ਅਨੁਮਾਨ ਨਾਲੋਂ 4.4 ਬਿਲੀਅਨ ਡਾਲਰ ਜਾਂ 5.9 ਪ੍ਰਤਿਸ਼ਤ ਵੱਧ ਹੈ।
  - ਕੁੱਲ ਖਰਚ 2026-27 ਵਿੱਚ 79.8 ਬਿਲੀਅਨ ਡਾਲਰ ਅਤੇ 2027-28 ਵਿੱਚ 82 ਬਿਲੀਅਨ ਡਾਲਰ ਹੋਣ ਦੀ ਉਮੀਦ ਹੈ, ਜੋ ਹਰ ਸਾਲ ਲਗਭਗ 1.7 ਪ੍ਰਤਿਸ਼ਤ ਦਾ ਵਾਧਾ ਦਰਸਾਉਂਦਾ ਹੈ।
- ਆਪਰੇਟਿੰਗ ਖਰਚ 2025-26 ਵਿੱਚ 64.3 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ, ਜੋ 2024-25 ਦੀ ਤੀਜੀ ਤਿਮਾਹੀ ਦੇ ਅਨੁਮਾਨ ਨਾਲੋਂ 2.2 ਬਿਲੀਅਨ ਡਾਲਰ ਜਾਂ 3.6 ਪ੍ਰਤਿਸ਼ਤ ਵੱਧ ਹੈ।
  - ਆਪਰੇਟਿੰਗ ਖਰਚ 2026-27 ਵਿੱਚ 64.8 ਬਿਲੀਅਨ ਡਾਲਰ ਵਧ ਜਾਂਦਾ ਹੈ ਅਤੇ 2027-28 ਵਿੱਚ 66.5 ਬਿਲੀਅਨ ਡਾਲਰ ਤਕ ਵਧਦਾ ਹੈ, ਜੋ ਹਰ ਸਾਲ ਔਸਤਨ 1.7 ਪ੍ਰਤਿਸ਼ਤ ਦਾ ਵਾਧਾ ਹੈ।

- 4 ਬਿਲੀਅਨ ਡਾਲਰ ਦੀ ਐਮਰਜੈਂਸੀ ਰਕਮ ਸਰਕਾਰ ਨੂੰ ਵਧ ਰਹੀ ਆਰਥਿਕ ਅਨਿਸ਼ਚਿਤਤਾ ਦੇ ਅਣਕਿਆਸੇ ਗੁੰਝਲਾਂ ਨਾਲ ਨਜਿੱਠਣ ਅਤੇ ਮੌਜੂਦਾ ਸਮੇਂ ਚੱਲ ਰਹੀ ਕੁਲੈਕਟਿਵ ਬਾਰਗੇਨਿੰਗ ਨਾਲ ਸੰਬੰਧਿਤ ਮੁਆਵਜ਼ਾ ਖਰਚ ਨਾਲ ਨਜਿੱਠਣ ਲਈ ਵਧੇਰੇ ਲਚਕਤਾ ਪ੍ਰਦਾਨ ਕਰਨ ਵਿੱਚ ਸਹਾਇਕ ਹੋਵੇਗੀ।

- **ਘਾਟਾ**
- 2025-26 ਲਈ 5.2 ਬਿਲੀਅਨ ਡਾਲਰ ਦਾ ਘਾਟਾ ਹੋਣ ਦਾ ਅਨੁਮਾਨ ਹੈ।
- ਘਾਟੇ ‘ਚ 2026-27 ‘ਚ 2.4 ਬਿਲੀਅਨ ਡਾਲਰ ਅਤੇ 2027-28 ਵਿਚ 2 ਬਿਲੀਅਨ ਡਾਲਰ ਦੀ ਗਿਰਾਵਟ ਦਾ ਦਾ ਅਨੁਮਾਨ ਹੈ।
- ਸਰਕਾਰ ਦੇ ਵਿੱਤੀ ਫਰੇਮਵਰਕ ਵਿੱਚ ਕੁਝ ਸਵੀਕਾਰਯੋਗ ਅਪਵਾਦ ਸ਼ਾਮਲ ਹਨ, ਜਿਨ੍ਹਾਂ ਵਿੱਚ ਸਰਕਾਰ ਘਾਟਾ ਚਲਾ ਸਕਦੀ ਹੈ, ਸਮੇਤ ਜਦੋਂ ਆਮਦਨ ਵਿੱਚ ਵੱਡੀ ਗਿਰਾਵਟ ਹੁੰਦੀ ਹੈ।
- ਇਹ ਘਾਟਾ ਮੁੱਖ ਤੌਰ ‘ਤੇ ਗੈਰ-ਨਵੀਨੀਕਰਨਯੋਗ ਸਰੋਤਾਂ ਤੋਂ ਆਮਦਨ ਵਿੱਚ ਗਿਰਾਵਟ ਅਤੇ ਐਲਬਰਟਾ ਵਾਸੀਆਂ ਨੂੰ ਵਿਸ਼ਵ-ਪੱਧਰੀ ਸੇਵਾਵਾਂ ਪ੍ਰਦਾਨ ਕਰਨ ਲਈ ਲੋੜੀਂਦੇ ਖਰਚਾਂ ਵਿੱਚ ਵਾਧੇ ਦਾ ਨਤੀਜਾ ਹੈ।

## ਕਰਜ਼ਾ

- 2025-26 ਵਿੱਚ ਕਰਜ਼ਾ ਸੇਵਾਵਾਂ ਦੇ ਖਰਚੇ 2024-25 ਦੇ ਅਨੁਮਾਨ ਨਾਲੋਂ 231 ਡਾਲਰ ਮਿਲੀਅਨ ਤੱਕ ਘਟ ਕੇ 3 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ ਕਿਉਂਕਿ 2024-25 ਵਿਚ ਪੂਰਵ-ਉਧਾਰ ਲਏ ਗਏ ਫੰਡ 2025-26 ਦੇ ਸ਼ੁਰੂ ‘ਚ ਵੱਡਅਕਾਰੀ ਕਰਜ਼ਾ ਮਚਿਉਰਿਊਟੀਆਂ ਦੇ ਭੁਗਤਾਨ ਲਈ ਵਰਤੇ ਜਾਣਗੇ।

## ਆਰਥਕਿ ਦ੍ਰਿਸ਼ਟੀਕੋਣ

- 2025 ‘ਚ ਅਸਲ ਗਰੌਸ ਡੋਮੈਸਟਿਕ ਪ੍ਰਾਡਕਟ ਦੇ 1.8 ਪ੍ਰਤੀਸ਼ਤ ਘਟਣ ਦੀ ਆਸ ਹੈ, ਫਿਰ 2026 ‘ਚ 1.7 ਪ੍ਰਤੀਸ਼ਤ।
- ਆਬਾਦੀ ਦੇ ਵਾਧੇ ਦੇ ਮਾਡਰੇਟ ਹੋਣ ਦੀ ਆਸ ਹੈ, ਇਹ ਵਾਧਾ 2025 ਦੇ ਮਰਦਮਸ਼ੁਮਾਰੀ ਵਰ੍ਹੇ ‘ਚ 2.5 ਪ੍ਰਤੀਸ਼ਤ ‘ਤੇ ਹੋਵੇਗਾ, ਜੋ 2024 ਦੇ 4.4 ਪ੍ਰਤੀਸ਼ਤ ਦੇ ਰਿਕਾਰਡ ਨਾਲੋਂ ਘੱਟ ਹੈ। ਆਉਂਦੇ ਦੋ ਸਾਲਾਂ ‘ਚ ਵਾਧੇ ਦੀ ਦਰ 1.4 ਪ੍ਰਤੀਸ਼ਤ ਤੱਕ ਹੇਠਾਂ ਆਵੇਗੀ, ਅਤੇ ਫਿਰ 2028 ‘ਚ 1.6 ਪ੍ਰਤੀਸ਼ਤ।

## ਐਨਰਜੀ ਅਤੇ ਆਰਥਿਕ ਧਾਰਨਾਵਾਂ, 2025–26

| | |
|---|---|
| ਵੈਸਟ ਟੈਕਸਸ ਇੰਟਰਮੀਡੀਏਟ ਆਇਲ @ Hardisty (CND/bbl) | 68 ਡਾਲਰ |
| ਵੈਸਟਰਨ ਕੈਨੇਡੀਅਨ ਸਲੈਕਟ @ Hardisty (CND/bbl) | 73.10 ਡਾਲਰ |
| ਲਾਈਟ-ਹੈਵੀ ਡਫਿਰੈਂਸ਼ੀਅਲ (USD/bbl) | 17.10 ਡਾਲਰ |
| ਏ ਆਰ ਪੀ ਕੁਦਰਤੀ ਗੈਸ (CND/GJ) | 2.50 ਡਾਲਰ |
| ਪਾਰੰਪਰਕਿ ਕੱਚਾ ਤੇਲ ਉਤਪਾਦਨ (000s barrels/day) | 519 |
| ਕੱਚਾ ਬਟੂਿਮਨ ਉਤਪਾਦਨ (000s barrels/day) | 3,558 |
| ਕਨੇਡੀਅਨ ਡਾਲਰ ਐਕਸਚੇਂਜ ਦਰ (USD¢/CAD$) | 69.60 |
| ਵਿਆਜ ਦਰ (10-ਸਾਲਾ ਕੈਨੇਡਾ ਬਾਂਡ, ਪ੍ਰਤੀਸ਼ਤ) | 3.10 |

## ਸਬੰਧਤ ਜਾਣਕਾਰੀ

- Budget 2025

## ਸਬੰਧਤ ਖਬਰਾਂ

- Budget 2025: Investing in Alberta’s future (27ਫਰਵਰੀ, 2025)
- Budget 2025: Meeting the challenge in health and education (27ਫਰਵਰੀ, 2025)

## ਮਲਟੀਮੀਡੀਆ

- Watch the Budget address
- Watch the news conference
- Listen to the news conference